# ਵਿਤਕਰੇ ਬਾਰੇ ਕਾਨੂੰਨ (ਫੁਟਕਲ ਸੋਧਾਂ) ਆਰਡੀਨੈਂਸ 2020

## ਇਹ ਆਰਡੀਨੈਂਸ ਕਿਸ ਬਾਰੇ ਹੈ?

ਆਰਡੀਨੈਂਸ ਨੇ ਆਰਡੀਨੈਂਸਾਂ ਤਹਿਤ ਵਿਤਕਰੇ ਅਤੇ ਪਰੇਸ਼ਾਨੀ ਤੋਂ ਸੁਰੱਖਿਆ ਨੂੰ ਵਧਾਉਣ ਲਈ ਜਿਨਸੀ ਵਿਤਕਰਾ ਆਰਡੀਨੈਂਸ (SDO), ਅਪਾਹਜਤਾ ਵਿਤਕਰਾ ਆਰਡੀਨੈਂਸ (DDO), ਪਰਿਵਾਰਕ ਸਥਿਤੀ ਵਿਤਕਰਾ ਆਰਡੀਨੈਂਸ (FSDO) ਅਤੇ ਨਸਲੀ ਵਿਤਕਰਾ ਆਰਡੀਨੈਂਸ (RDO) ਨਾਮਕ ਮੌਜੂਦਾ ਚਾਰ ਵਿਤਕਰਾ ਵਿਰੋਧੀ ਆਰਡੀਨੈਂਸਾਂ ਵਿੱਚ ਸੋਧਾਂ ਕੀਤੀਆਂ।

## ਇਹ ਆਰਡੀਨੈਂਸ ਕਦੋਂ ਲਾਗੂ ਹੋਇਆ?

ਇਹ ਆਰਡੀਨੈਂਸ **19 ਜੂਨ 2020** ਨੂੰ ਗਜ਼ਟ ਪ੍ਰਕਾਸ਼ਨ ਦੇ ਦਿਨ ਲਾਗੂ ਹੋਇਆ ਸੀ, ਸਿਵਾਏ ਬੱਚੇ ਨੂੰ ਆਪਣਾ ਦੁੱਧ ਪਿਲਾਉਣ ਬਾਰੇ ਪ੍ਰਾਵਧਾਨਾਂ ਦੇ ਅਪਵਾਦ ਤੋਂ, ਜੋ ਕਿ ਗਜ਼ਟ ਪ੍ਰਕਾਸ਼ਨ ਤੋਂ 12 ਮਹੀਨਿਆਂ ਬਾਅਦ ਯਾਨੀ 19 ਜੂਨ 2021 ਨੂੰ ਲਾਗੂ ਹੋਣਗੇ।

## ਆਰਡੀਨੈਂਸ ਤਹਿਤ ਕਿਹੜੀਆਂ ਸੋਧਾਂ ਹੋਈਆਂ ਹਨ?

ਸੋਧਾਂ ਲਿੰਗ, ਅਪਾਹਜਤਾ ਅਤੇ ਨਸਲੀ ਵਿਤਕਰੇ ਦੇ ਨਾਲ ਨਾਲ ਜਿਨਸੀ ਪਰੇਸ਼ਾਨੀ, ਅਤੇ ਹੇਠਾਂ ਸੂਚੀਬੱਧ ਅਨੁਸਾਰ, ਕਈ ਮਾਮਲਿਆਂ ਵਿੱਚ ਅਪਾਹਜਤਾ ਅਤੇ ਨਸਲ ਦੇ ਆਧਾਰ ’ਤੇ ਪਰੇਸ਼ਾਨੀ ਤੋਂ ਸੁਰੱਖਿਆ ਵਿੱਚ ਸੁਧਾਰ ਕਰਦੀਆਂ ਹਨ।

**ਬੱਚੇ ਨੂੰ ਆਪਣਾ ਦੁੱਧ ਪਿਲਾਉਣ ਵਾਲੀਆਂ ਔਰਤਾਂ ਨੂੰ ਸਿੱਧੇ ਅਤੇ ਅਸਿੱਧੇ ਵਿਤਕਰੇ, ਅਤੇ ਨਾਲ ਹੀ ਰੁਜ਼ਗਾਰ ਦੇ ਖੇਤਰਾਂ ਵਿੱਚ ਤੰਗ-ਪਰੇਸ਼ਾਨ ਕੀਤੇ ਜਾਣ ਤੋਂ ਬਚਾਉਣਾ; ਚੀਜ਼ਾਂ, ਸਹੂਲਤਾਂ ਅਤੇ ਸੇਵਾਵਾਂ ਦੀ ਵਿਵਸਥਾ; ਸਿੱਖਿਆ; ਇਮਾਰਤ ਦਾ ਪ੍ਰਬੰਧਨ ਅਤੇ ਨਿਪਟਾਰਾ; ਕਲੱਬਾਂ; ਅਤੇ SDO ਤਹਿਤ ਸਰਕਾਰ ਦੇ ਕਾਰਜ।**

ਬੱਚੇ ਨੂੰ ਆਪਣਾ ਦੁੱਧ ਪਿਲਾਉਣ ਸੰਬੰਧੀ ਵਿਤਕਰੇ ਬਾਰੇ ਪ੍ਰਬੰਧ ਨਿਮਨਲਿਖਤ ਸਥਿਤੀਆਂ ਨੂੰ ਕਵਰ ਕਰਦੇ ਹਨ ਜਿੱਥੇ:

- ਕੋਈ ਔਰਤ ਕਿਸੇ ਬੱਚੇ ਨੂੰ ਆਪਣਾ ਦੁੱਧ ਪਿਲਾਉਣ ਦੇ ਕੰਮ ਵਿੱਚ ਲੱਗੀ ਹੋਈ ਹੈ;
- ਕੋਈ ਔਰਤ ਛਾਤੀ ਦੇ ਦੁੱਧ ਨੂੰ ਕੱਢਣ ਦੇ ਕੰਮ ਵਿੱਚ ਲੱਗੀ ਹੋਈ ਹੈ; ਅਤੇ
- ਕੋਈ ਔਰਤ ਜਿਹੜੀ ਆਪਣੇ ਬੱਚੇ ਨੂੰ ਆਪਣਾ ਦੁੱਧ ਪਿਲਾਉਂਦੀ ਹੈ, ਪਰੰਤੂ ਵਿਤਕਰੇ ਨਾਲ ਸੰਬੰਧਿਤ ਕੰਮ ਕੀਤੇ ਜਾਣ ਸਮੇਂ ਅਜਿਹਾ ਨਹੀਂ ਕਰ ਰਹੀ ਹੁੰਦੀ।

**SDO, DDO ਅਤੇ RDO ਤਹਿਤ ਕਾਰਜ ਸਥਾਨ ਦੇ ਭਾਗੀਦਾਰਾਂ ਨੂੰ ਅਜਿਹੇ ਸਾਂਝੇ ਕਾਰਜ ਸਥਾਨ 'ਤੇ ਜਿਨਸੀ, ਅਪਾਹਜਤਾ ਅਤੇ ਨਸਲੀ ਪਰੇਸ਼ਾਨੀ ਤੋਂ ਬਚਾਉਣਾ ਜਿਥੇ ਕੋਈ ਰੁਜ਼ਗਾਰ ਸੰਬੰਧ ਨਹੀਂ ਹੁੰਦੇ ਹਨ, ਜਿਵੇਂ ਕਿ ਖੇਪ ਕਰਮਚਾਰੀ, ਵਲੰਟੀਅਰ ਅਤੇ ਇੰਟਰਨ।**

**ਵਲੰਟੀਅਰ** – ਕੋਈ ਵਿਅਕਤੀ ਜੋ ਮਾਲਕ ਜਾਂ ਕਰਮਚਾਰੀ ਦੀ ਸਮਰੱਥਾ ਵਿੱਚ ਹੋਣ ਤੋਂ ਬਗੈਰ ਸਵੈ-ਸੇਵੀ ਕੰਮ ਕਰਦਾ ਹੈ।

**ਇੱਕ ਇੰਟਰਨ** – ਇੱਕ ਅਜਿਹਾ ਵਿਅਕਤੀ ਜੋ ਇੱਕ ਇੰਟਰਨਸ਼ਿਪ ਲਈ ਕਿਸੇ ਹੋਰ ਵਿਅਕਤੀ ਦੁਆਰਾ ਸ਼ਾਮਲ ਕੀਤਾ ਜਾਂਦਾ ਹੈ ਪਰ ਉਸ ਦੂਜੇ ਵਿਅਕਤੀ ਦਾ ਕਰਮਚਾਰੀ ਨਹੀਂ ਹੁੰਦਾ ਹੈ।

**ਇੱਕ "ਇੰਟਰਨਸ਼ਿਪ"** ਨੂੰ ਕੰਮ ਦੀ ਇੱਕ ਅਵਧੀ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਇੱਕ ਪੇਸ਼ੇਵਰ ਜਾਂ ਅਕਾਦਮਿਕ ਯੋਗਤਾ ਪ੍ਰਾਪਤ ਕਰਨ ਲਈ ਮੁਕੰਮਲ ਕਰਨੀ ਜ਼ਰੂਰੀ ਹੁੰਦੀ ਹੈ ਅਤੇ ਇਸ ਵਿੱਚ ਪਿਉਪਿਲੇਜ (pupilage) ਸ਼ਾਮਲ ਹੁੰਦਾ ਹੈ; ਜਾਂ ਕੰਮ ਦੀ ਕੋਈ ਹੋਰ ਅਵਧੀ ਜਿਸ ਨੂੰ ਆਮ ਤੌਰ 'ਤੇ ਇੱਕ ਇੰਟਰਨਸ਼ਿਪ ਵਜੋਂ ਦਰਸਾਇਆ ਜਾਂਦਾ ਹੈ।

**DDO ਅਤੇ RDO ਦੇ ਤਹਿਤ ਸੇਵਾ ਪ੍ਰਦਾਤਾਵਾਂ ਨੂੰ ਗਾਹਕਾਂ ਦੁਆਰਾ ਕੀਤੀ ਜਾਂਦੀ ਅਪਾਹਜਤਾ ਅਤੇ ਨਸਲੀ ਪਰੇਸ਼ਾਨੀ ਤੋਂ ਬਚਾਉਣਾ, ਇਸ ਵਿੱਚ ਉਹ ਮਾਮਲੇ ਵੀ ਸ਼ਾਮਲ ਹਨ ਜਿੱਥੇ ਅਜਿਹੇ ਕੰਮ ਹਾਂਗ ਕਾਂਗ-ਰਜਿਸਟਰਡ ਜਹਾਜ਼ਾਂ ਅਤੇ ਸਮੁੰਦਰੀ ਜਹਾਜ਼ਾਂ 'ਤੇ ਹੁੰਦੇ ਹਨ, ਭਾਵੇਂ ਉਹ ਸਮੁੰਦਰ ਪਾਰ ਹੁੰਦੇ ਹਨ।** (ਧਿਆਨ ਦਿਓ: ਇਹ ਮੂਲ ਰੂਪ ਵਿੱਚ ਪ੍ਰਦਾਨ ਕੀਤੀ ਸੁਰੱਖਿਆ ਦੇ ਸਿਖਰ ’ਤੇ ਇੱਕ ਵਾਧੂ ਸੁਰੱਖਿਆ ਹੈ। SDO, DDO ਅਤੇ RDO ਦੇ ਅਧੀਨ, ਚੀਜ਼ਾਂ, ਸਹੂਲਤਾਂ ਅਤੇ ਸੇਵਾਵਾਂ ਦੇ ਪ੍ਰਦਾਤਾਵਾਂ ਦੁਆਰਾ ਹਮੇਸ਼ਾਂ ਗਾਹਕਾਂ ਨੂੰ ਜਿਨਸੀ, ਅਪਾਹਜਤਾ ਅਤੇ ਨਸਲੀ ਪਰੇਸ਼ਾਨੀ ਤੋਂ ਬਚਾਇਆ ਗਿਆ ਹੈ। 2014 ਵਿੱਚ, ਚੀਜ਼ਾਂ, ਸਹੂਲਤਾਂ ਅਤੇ ਸੇਵਾਵਾਂ ਦੇ ਪ੍ਰਦਾਤਾਵਾਂ ਨੂੰ ਗਾਹਕਾਂ ਦੁਆਰਾ ਜਿਨਸੀ ਪਰੇਸ਼ਾਨੀ ਤੋਂ ਬਚਾਉਣ ਲਈ SDO ਵਿੱਚ ਹੋਰ ਸੋਧ ਕੀਤੀ ਗਈ ਸੀ, ਭਾਵੇਂ ਕਿ ਅਜਿਹੇ ਕੰਮ ਹਾਂਗ ਕਾਂਗ-ਰਜਿਸਟਰਡ ਜਹਾਜ਼ਾਂ ਅਤੇ ਵਿਦੇਸ਼ੀ ਸਮੁੰਦਰੀ ਜਹਾਜ਼ਾਂ 'ਤੇ ਹੁੰਦੇ ਹੋਣ।)

**RDO ਦੇ ਤਹਿਤ ਜਨਤਾ ਨੂੰ ਦੋਸ਼ ਲਗਾਉਣ ਰਾਹੀਂ ਸਿੱਧੇ ਅਤੇ ਅਸਿੱਧੇ ਨਸਲੀ ਵਿਤਕਰੇ ਅਤੇ ਨਸਲੀ ਪਰੇਸ਼ਾਨੀ ਤੋਂ ਬਚਾਉਣਾ, ਭਾਵ, ਕਿਸੇ ਵਿਅਕਤੀ ’ਤੇ ਕਿਸੇ ਖਾਸ ਨਸਲ ਦਾ ਜਾਂ ਕਿਸੇ ਖਾਸ ਨਸਲੀ ਸਮੂਹ ਦਾ ਮੈਂਬਰ ਹੋਣ ਕਰਕੇ ਦੋਸ਼ ਲਗਾਇਆ ਜਾਂਦਾ ਹੈ।**

**RDO ਦੇ ਤਹਿਤ ਕਿਸੇ ਵਿਅਕਤੀ ਨੂੰ ਸਿੱਧੇ ਨਸਲੀ ਵਿਤਕਰੇ ਜਾਂ ਨਸਲੀ ਪਰੇਸ਼ਾਨੀ ਤੋਂ ਬਚਾਉਣਾ, ਜਿੱਥੇ ਕਿਸੇ ਸਹਿਯੋਗੀ ਦੀ ਨਸਲ ਦੇ ਆਧਾਰ ’ਤੇ ਉਹਨਾਂ ਨਾਲ ਵਧੀਆ ਵਿਵਹਾਰ ਨਹੀਂ ਕੀਤਾ ਜਾਂਦਾ ਜਾਂ ਨਸਲੀ ਤੌਰ ’ਤੇ ਪਰੇਸ਼ਾਨ ਕੀਤਾ ਜਾਂਦਾ ਹੈ।**

**ਸਹਾਇਕ** – ਇਸ ਵਿੱਚ ਕਿਸੇ ਵਿਅਕਤੀ ਦਾ ਜੀਵਨ ਸਾਥੀ; ਅਸਲ ਘਰੇਲੂ ਆਧਾਰ 'ਤੇ ਵਿਅਕਤੀ ਨਾਲ ਰਹਿ ਰਿਹਾ ਕੋਈ ਹੋਰ ਵਿਅਕਤੀ; ਵਿਅਕਤੀ ਦਾ ਕੋਈ ਰਿਸ਼ਤੇਦਾਰ; ਵਿਅਕਤੀ ਦਾ ਦੇਖਭਾਲਕਰਤਾ; ਜਾਂ ਕੋਈ ਹੋਰ ਵਿਅਕਤੀ ਜੋ ਕਿਸੇ ਵਿਅਕਤੀ ਨਾਲ ਵਪਾਰ, ਖੇਡ ਜਾਂ ਮਨੋਰੰਜਕ ਰਿਸ਼ਤੇ ਵਿੱਚ ਹੈ, ਸ਼ਾਮਲ ਹਨ।

**ਦੇਖਭਾਲਕਰਤਾ** – ਇਸ ਵਿੱਚ ਸਮਾਜ ਭਲਾਈ ਦਾ ਨਿਰਦੇਸ਼ਕ, ਸਮਾਜ ਭਲਾਈ ਵਿਭਾਗ ਦਾ ਕੋਈ ਅਧਿਕਾਰਤ ਅਧਿਕਾਰੀ; ਅਤੇ RDO ਦੀ ਅਨੁਸੂਚੀ 6 ਵਿੱਚ ਨਿਰਧਾਰਤ ਕੋਈ ਵੀ ਵਿਅਕਤੀ, ਸ਼ਾਮਲ ਹਨ।

**SDO ਅਤੇ DDO ਦੇ ਤਹਿਤ ਕਲੱਬਾਂ ਦੇ ਮੈਂਬਰਾਂ ਅਤੇ ਸੰਭਾਵਿਤ ਮੈਂਬਰਾਂ ਨੂੰ ਕਲੱਬਾਂ ਜਾਂ ਕਲੱਬਾਂ ਦੇ ਪ੍ਰਬੰਧਨ ਦੁਆਰਾ ਜਿਨਸੀ ਅਤੇ ਅਪਾਹਜਤਾ ਸੰਬੰਧੀ ਪਰੇਸ਼ਾਨੀ ਤੋਂ ਬਚਾਉਣਾ।**

**SDO, FSDO ਅਤੇ RDO ਦੇ ਤਹਿਤ ਅਸਿੱਧੇ ਵਿਤਕਰੇ ਦੇ ਕਾਰਜਾਂ ਲਈ ਅਦਾਲਤ ਦੀਆਂ ਕਾਰਵਾਈਆਂ ਵਿੱਚ ਹਰਜਾਨੇ ਦੇਣ ਲਈ ਪੂਰਵ-ਸ਼ਰਤ ਵਜੋਂ ਵਿਤਕਰਾ ਕਰਨ ਦੇ ਇਰਾਦੇ ਦੀਆਂ ਜ਼ਰੂਰਤਾਂ ਨੂੰ ਰੱਦ ਕਰਨਾ।**

---

## ਮੈਂ ਆਰਡੀਨੈਂਸ ਦੇ ਤਹਿਤ ਸੋਧਾਂ ਬਾਰੇ ਹੋਰ ਕਿਵੇਂ ਜਾਣ ਸਕਦਾ/ਦੀ ਹਾਂ?

ਆਰਡੀਨੈਂਸ ਦੀ ਪੂਰੀ ਸਮੱਗਰੀ ਇੱਥੇ ਦੇਖੀ ਜਾ ਸਕਦੀ ਹੈ:
https://www.gld.gov.hk/egazette/pdf/20202425/es1202024258.pdf
ਬਰਾਬਰ ਮੌਕਿਆਂ ਲਈ ਕਮਿਸ਼ਨ (EOC) ਨੇ ਸੋਧਾਂ 'ਤੇ ਨਿਰਦੇਸ਼ਾਂ ਦੀ ਇੱਕ ਲੜੀ ਵੀ ਤਿਆਰ ਕੀਤੀ ਹੈ, ਜੋ EOC ਦੀ ਵੈੱਬਸਾਈਟ www.eoc.org.hk 'ਤੇ ਉਪਲਬਧ ਹੈ।

---

## ਮੈਂ EOC ਕੋਲ ਕੋਈ ਸ਼ਿਕਾਇਤ ਕਿਵੇਂ ਦਰਜ ਕਰਵਾ ਸਕਦਾ/ਦੀ ਹਾਂ?

ਕੋਈ ਵੀ ਵਿਅਕਤੀ ਜੋ ਮਹਿਸੂਸ ਕਰਦਾ/ਕਰਦੀ ਹੈ ਕਿ ਚਾਰ ਵਿਤਕਰਾ ਵਿਰੋਧੀ ਆਰਡੀਨੈਂਸਾਂ ਵਿੱਚ ਦੱਸੇ ਅਨੁਸਾਰ ਉਸ ਖਿਲਾਫ ਵਿਤਕਰਾ ਹੋਇਆ ਹੈ, ਉਸਨੂੰ ਪਰੇਸ਼ਾਨ ਕੀਤਾ ਗਿਆ ਹੈ ਜਾਂ ਬਦਨਾਮ ਕੀਤਾ ਗਿਆ ਹੈ, ਤਾਂ ਉਹ EOC ਨੂੰ **ਲਿਖਤੀ ਰੂਪ ਵਿੱਚ** ਸ਼ਿਕਾਇਤ ਦਰਜ ਕਰਵਾ ਸਕਦਾ/ਸਕਦੀ ਹੈ ਅਤੇ ਸ਼ਿਕਾਇਤ ਨੂੰ ਨਿਮਨਲਿਖਿਤ ਤਰੀਕਿਆਂ ਵਿੱਚੋਂ ਕਿਸੇ ਇੱਕ ਰਾਹੀਂ EOC ਨੂੰ ਦਰਜ ਕਰਵਾ ਸਕਦਾ/ਸਕਦੀ ਹੈ:

- ਡਾਕ ਰਾਹੀਂ ਪੱਤਰ
- EOC ਦੀ ਵੈੱਬਸਾਈਟ'ਤੇ ਆਨ-ਲਾਈਨ ਫਾਰਮ
- ਫੈਕਸ
- EOC ਦਫਤਰ ਵਿੱਚ ਵਿਅਕਤੀਗਤ ਤੌਰ 'ਤੇ

ਟੈਲੀਫੋਨ (ਸਿਰਫ ਪੁੱਛਗਿੱਛ ਲਈ)

SMS ਸੇਵਾ (ਸੁਣਨ ਵਿੱਚ ਕਮਜ਼ੋਰੀ/ਬੋਲਣ ਵਿੱਚ ਮੁਸ਼ਕਲਾਂ ਵਾਲੇ ਲੋਕਾਂ ਦੁਆਰਾ ਪੁੱਛਗਿੱਛ ਲਈ)

ਵਿਤਕਰਾ ਵਿਰੋਧੀ ਆਰਡੀਨੈਂਸਾਂ ਨਾਲ ਸੰਬੰਧਿਤ ਪੁੱਛਗਿੱਛ: ਆਨ-ਲਾਈਨ ਪੁੱਛਗਿੱਛ ਫਾਰਮ
ਵਿਤਕਰਾ ਵਿਰੋਧੀ ਆਰਡੀਨੈਂਸਾਂ ਨਾਲ ਸੰਬੰਧਿਤ ਸ਼ਿਕਾਇਤ: ਆਨ-ਲਾਈਨ ਸ਼ਿਕਾਇਤ ਫਾਰਮ
EOC ਦੀਆਂ ਸੇਵਾਵਾਂ ਨਾਲ ਸੰਬੰਧਿਤ ਪੁੱਛਗਿੱਛ ਅਤੇ ਸ਼ਿਕਾਇਤ: ਆਨ-ਲਾਈਨ ਫਾਰਮ

---

## EOC ਨਾਲ ਸੰਪਰਕ ਕਰੋ


ਟੈਲੀ: (852) 2511 8211 (ਸਿਰਫ ਆਮ ਪੁੱਛਗਿੱਛ ਲਈ)
ਫੈਕਸ: (852) 2511 8142
ਪਤਾ: 16/F, 41 Heung Yip Road, Wong Chuk Hang, Hong Kong.
ਈਮੇਲ: eoc@eoc.org.hk (ਸਿਰਫ ਆਮ ਪੁੱਛਗਿੱਛ ਲਈ)
SMS service: 6972566616538 (ਸੁਣਨ ਵਿੱਚ ਕਮਜ਼ੋਰੀ/ਬੋਲਣ ਵਿੱਚ ਮੁਸ਼ਕਲਾਂ ਵਾਲੇ ਲੋਕਾਂ ਦੁਆਰਾ ਪੁੱਛਗਿੱਛ ਲਈ)


(ਵਿਤਕਰਾ ਵਿਰੋਧੀ ਆਰਡੀਨੈਂਸਾਂ ਤਹਿਤ ਵਿਤਕਰੇ ਬਾਰੇ ਪੁੱਛਗਿੱਛ ਅਤੇ ਸ਼ਿਕਾਇਤਾਂ ਲਈ, ਕਿਰਪਾ ਕਰਕੇ ਉਪਰੋਕਤ ਆਨ-ਲਾਈਨ ਫਾਰਮਾਂ ਦੀ ਵਰਤੋਂ ਕਰੋ।)

**ਬਰਾਬਰ ਮੌਕਿਆਂ ਬਾਰੇ ਕਮਿਸ਼ਨ**
**ਜੁਲਾਈ 2020**

ਟਿੱਪਣੀ: ਇਹ ਇਸ਼ਤਿਹਾਰ ਸਿਰਫ ਹਵਾਲੇ ਲਈ ਹੈ ਅਤੇ ਇਸ ਨੂੰ ਕਾਨੂੰਨੀ ਸਲਾਹ ਲਈ ਵਿਕਲਪ ਵਜੋਂ ਨਹੀਂ ਵਰਤਿਆ ਜਾਣਾ ਚਾਹੀਦਾ ਹੈ।